# ਦੋ ਸਰਕਾਰੀ ਜਿੰਨ

ਜਦੋਂ ਸੰਨ 1979 ਵਿਚ ਰੂਸ ਅਫਗਾਨਿਸਤਾਨ ਵਿਚ ਦਾਖਲ ਹੋਇਆ ਸੀ ਤਾਂ ਅਫਗਾਨੀ ਮੁਜਾਹਾਦੀਨਾ ਨੇ ਉਸ ਵਿਰੁੱਧ ਗੁਰੀਲਾ ਲੜਾਈ ਆਰੰਭ ਦਿੱਤੀ ਸੀ। ਪਾਕਿਸਤਾਨ ਨੇ ਤਾਂ ਮੁਜਾਹਾਦੀਨਾ ਦੀ ਮਦਦ ਕਰਨੀ ਹੀ ਸੀ ਪਰ ਛੇਤੀਂ ਹੀ ਅਮਰੀਕਾ ਵੀ ਸ਼ਾਮਲ ਹੋ ਗਿਆ ਸੀ। ਓਸਾਮਾ ਬਿਨ ਲਾਦਿਨ ਵੀ ਅਲਕਾਇਦਾ ਦਾ ਗਠਨ ਕਰਕੇ ਅਫਗਾਨਿਸਤਾਨ ਦੇ ਗੁਰੀਲਾ ਯੁੱਧ ਵਿਚ ਸ਼ਮਾਲ ਹੋ ਗਿਆ ਸੀ। ਉਸ ਵੇਲੇ ਅਮਰੀਕਾ ਦੀ ਸਰਕਾਰ ਓਸਾਮਾ ਬਿਨ ਲਾਦਿਨ ਦੀ ਪਿੱਠ ਤੇ ਸੀ। ਇੰਟਰਨੈੱਟ ਤੋਂ ਮਿਲੀ ਜਾਣਕਾਰੀ ਅਨੁਸਾਰ ਅਮਰੀਕਾ ਦੀ ਖੁਫੀਆ ਏਜੰਸੀ ਸੀ: ਆਈ: ਏ: ਨੇ ਤਿੰਨ ਬਿਲੀਅਨ ਅਮਰੀਕਨ ਡਾਲਰ ਦੀ ਸਹਾਇਤਾ ਪਾਕਿਸਤਾਨ ਦੀ ਖੁਫੀਆ ਏਜੰਸੀ ਆਈ: ਐਸ: ਆਈ: ਨੂੰ ਦਿੱਤੀ ਸੀ। ਅਮਰੀਕਾ ਨੇ ਰੂਸ ਨੂੰ ਅਫਗਾਨਿਸਤਾਨ ਵਿਚੋਂ ਬਾਹਰ ਕੱਢਣ ਲਈ ਇਕ ਸ਼ਕਤੀਸ਼ਾਲੀ ਜਿੰਨ ਪਾਲਿਆ ਸੀ। ਪਰ ਜਦੋਂ ਇਹ ਜਿੰਨ ਹੱਦ ਤੋਂ ਵੱਧ ਤਾਕਤਵਰ ਹੋ ਗਿਆ ਤਾਂ ਫਿਰ ਇਹ ਅਮਰੀਕਾ ਨੂੰ ਵੀ ਅੱਖਾਂ ਦਿਖਾਲਣ ਲੱਗ ਪਿਆ ਸੀ। ਸਤੰਬਰ ਇਕ ਸੰਨ 2001 ਨੂੰ ਜਦੋਂ ਇਸ ਜਿੰਨ ਦੇ ਬੰਦਿਆਂ ਨੇ ਨਿਊਯਾਰਕ ਵਿਚ ਦੋ ਟਾਵਰਾਂ ਤੇ ਅਗਵਾਹ ਕੀਤੇ ਹਵਾਈ ਜਹਾਜ ਟਕਰਾ ਕੇ ਹਜਾਰਾਂ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਤਾਂ ਫਿਰ ਇਸ ਜਿੰਨ ਨੂੰ ਲੱਭ ਕੇ ਮਾਰਨ ਦੀ ਕਾਰਵਾਈ ਸ਼ੁਰੂ ਹੋ ਗਈ। ਇਸ ਨੂੰ ਲੱਭ ਕੇ ਖਤਮ ਕਰਨ ਵਿਚ ਅਮਰੀਕਾ ਨੂੰ ਲੱਗ-ਭੱਗ 10 ਸਾਲ ਲੱਗ ਗਏ ਸਨ। ਅਖੀਰ 2 ਮਈ 2011 ਨੂੰ ਪਾਕਿਸਤਾਨ ਵਿਚ ਲੁਕੇ ਹੋਏ ਨੂੰ ਲੱਭ ਕੇ, ਖਤਮ ਕਰਕੇ ਸਮੁੰਦਰ ਵਿਚ ਦਫਨਾ ਦਿੱਤਾ ਸੀ।




ਬਿਨ ਲਾਦਿਨ ਨਾਲ ਮਿਲਦੀ ਜੁਲਦੀ ਕਹਾਣੀ ਭਿੰਡਰਾਂਵਾਲੇ ਸਾਧ ਦੀ ਹੈ। ਕਾਂਗਰਸ ਸਰਕਾਰ ਦੇ ਕੁੱਝ ਨੁਮਾਦਿਆਂ ਨੇ ਪਹਿਲਾਂ ਇਸ ਦੀ ਪੂਰੀ ਪਿੱਠ ਥਾਪੜੀ ਸੀ। ਇਸ ਨੂੰ ਅਤੇ ਇਸ ਦੇ ਸਾਥੀਆਂ ਨੂੰ ਹਥਿਆਰਾਂ ਦੇ ਖੁੱਲੇ ਲਾਇਸੈਂਸ ਦਿੱਤੇ ਗਏ। ਇਸ ਦਾ ਰੱਸਾ ਇਤਨਾ ਖੁੱਲਾ ਛੱਡ ਦਿੱਤਾ ਗਿਆ ਸੀ ਕਿ ਇਹ ਹਥਿਆਰਾਂ ਸਮੇਤ ਸਾਰੇ ਭਾਰਤ ਵਿਚ ਜਿੱਥੇ ਮਰਜ਼ੀ ਵਿਚਰ ਕੇ ਜੋ ਮਰਜ਼ੀ ਬੋਲ ਸਕਦਾ ਸੀ। ਫੁਕਰੇ ਲੋਕ ਫੁਕਰੀਆਂ ਮਾਰ ਕੇ ਇਸ ਨੂੰ ਬਹਾਦਰ, ਮਹਾਨ ਸੂਰਮਾ ਦੱਸਦੇ ਹਨ ਪਰ ਉਨ੍ਹਾਂ ਨੂੰ ਇਹ ਨਹੀ ਪਤਾ ਕਿ ਇਹ ਸਰਕਾਰੀ ਸਾਧ, ਮਜ਼ਬੂਤ ਸਰਕਾਰੀ ਕਿੱਲੇ ਦੇ ਆਸਰੇ ਹੀ ਤੀਂਘਦਾ ਸੀ। ਜਦੋਂ ਤੱਕ ਉਨ੍ਹਾਂ ਨੂੰ ਲੋੜ ਸੀ ਤਾਂ ਸਰਕਾਰੀ ਸਹਾਇਤਾ ਨਾਲ ਚੰਦੋਕਲਾਂ ਵਿਚੋਂ ਕੱਢ ਕੇ ਇਸ ਨੂੰ ਇਸ ਦੇ ਡੇਰੇ ਵੀ ਪਹੁੰਚਾਉਂਦੇ ਰਹੇ, ਹਥਿਆਰਾਂ ਦੇ ਲਾਇਸੈਂਸ ਵੀ ਦਿੰਦੇ ਰਹੇ ਪਰ ਜਦੋਂ ਲੋੜ ਨਾ ਰਹੀ ਖੁੱਡ ਵਿਚ ਲੁਕੇ ਹੋਏ ਨੂੰ ਕੱਢ ਕੇ ਮਾਰ ਮੁਕਾਇਆ ਸੀ।

ਭਿੰਡਰਾਂਵਾਲੇ ਸਾਧ ਦੀਆਂ ਕਾਂਗਰਸੀਆਂ ਨਾਲ ਸੰਬੰਧ ਦੀਆਂ ਗੱਲਾਂ ਤਾਂ ਪਿਛਲੇ ਤਕਰੀਬਨ 40 ਸਾਲਾਂ ਤੋਂ ਮੀਡੀਏ ਵਿਚ ਛਪਦੀਆਂ ਰਹੀਆਂ ਹਨ। ਅੱਜ ਮੈਂ ਇਸ ਦੀ ਪੂਰੀ ਤਸਦੀਕ ਵਾਸਤੇ ਉਸ ਸਰਕਾਰੀ ਸੂਹੀਏ ਦੇ ਖੋਲੇ ਹੋਏ ਗੁੱਝੇ ਭੇਦਾਂ ਦੀ ਜਾਣਕਾਰੀ ਵੀ ਛਾਪ ਰਿਹਾ ਹਾਂ। ਇਸ ਸਰਕਾਰੀ ਸੂਹੀਏ, ਭਾਵ ਕਿ ਮਲੋਇ ਕ੍ਰਿਸ਼ਨਾ ਧਰ ਨੇ ਜੋ ਭੀ ਸਰਕਾਰੀ ਭੇਦ ਖੋਲੇ ਹਨ। ਉਹ ਭਾਵੇਂ ਮਾਰੇ ਜਾ ਚੁੱਕੇ ਕਥਿਤ ਖਾੜਕੂਆਂ ਬਾਰੇ ਸਨ ਅਤੇ ਜਾਂ ਫਿਰ ਜੀਂਦੇ ਵਿਚਰ ਰਿਹਾਂ ਬਾਰੇ। ਕੋਈ ਵੀ ਉਸ ਨੂੰ ਝੂਠਲਾ ਨਹੀਂ ਸਕਿਆ। ਜਸਬੀਰ ਸਿੰਘ ਰੋਡੇ ਤਾਂ ਚੁੱਪ ਹੀ ਧਾਰ ਗਿਆ ਸੀ। ਕਿਉਂਕਿ ਇਸ ਨੇ ਖੁਦ ਇਸ ਸਰਕਾਰੀ ਸੂਹੀਏ ਨੂੰ ਜੇਲ ਵਿਚ ਸੱਦਿਆ ਸੀ।

ਮੈਂ ਚਾਹੁੰਦਾ ਸੀ ਕਿ ਮੈਨੂੰ ਮਲੋਏ ਧਰ ਦੀ ਕਿਤਾਬ ਦੀ ਹਾਰਡ ਕਾਪੀ ਇੰਗਲਿਸ਼ ਅਤੇ ਪੰਜਾਬੀ ਵਿਚ ਮਿਲ ਜਾਂਦੀ ਤਾਂ ਕਿ ਗੁਪਤ ਭੇਦਾਂ ਦੇ ਉਹ ਪੰਨੇ ਅੰਗਰੇਜ਼ੀ ਅਤੇ ਪੰਜਾਬੀ ਵਿਚ ਪਾਠਕਾਂ ਨਾਲ ਸਾਂਝੇ ਕਰ ਸਕਦਾ। ਅੰਗਰੇਜ਼ੀ ਦੀ ਕਿਤਾਬ ਤਾਂ ਅਮਾਜ਼ਾਨ ਤੋਂ ਵੀ ਮਿਲ ਜਾਂਦੀ ਹੈ ਪਰ ਪੰਜਾਬੀ ਦੀ ਨਹੀਂ। ਇਨ੍ਹਾਂ ਕਿਤਾਬਾਂ ਬਾਰੇ ਮੈਂ ਸਿੰਘ ਬ੍ਰਦਰਜ਼ ਨੂੰ ਲਿਖਿਆ ਸੀ ਜਿਨ੍ਹਾਂ ਤੋਂ ਮੈਂ ਤਕਰੀਬਨ 20 ਸਾਲ ਕਿਤਾਬਾਂ ਮੰਗਵਾਉਂਦਾ ਰਿਹਾ ਹਾਂ ਅਤੇ ਹਜ਼ਾਰਾਂ ਦੀ ਗਿਣਤੀ ਵਿਚ ਮੰਗਵਾਈਆਂ ਸਨ। ਇਕ ਵਾਰੀ ਜਵਾਬ ਦੇ ਦਿੱਤਾ ਸੀ ਕਿ ਦੋ ਕੁ ਹਫਤਿਆਂ ਬਾਅਦ ਦੱਸਾਂਗੇ ਕਿਉਂਕਿ ਇਹ ਸਾਡੇ ਸਟਾਕ ਵਿਚ ਨਹੀਂ ਹਨ। ਮੁੜ ਕੇ ਕਈ ਵਾਰੀ ਲਿਖਣ ਤੇ ਵੀ ਜਵਾਬ ਦੇਣੋਂ ਹਟ ਗਏ। ਫਿਰ ਸਰਬਜੀਤ ਸਿੰਘ ਤੋਂ ਪੰਜਾਬੀ ਅਨੁਵਾਦ ਦੀ ਸਕੈਨ ਕੀਤੀ ਹੋਈ ਕਿਤਾਬ ਮਿਲ ਗਈ। ਉਸ ਵਿਚੋਂ ਸਕੈਨ ਕੀਤੇ ਹੋਏ ਕੁੱਝ ਹਿੱਸੇ ਪਾਠਕਾਂ/ਲੇਖਕਾਂ ਨਾਲ ਸਾਂਝੇ ਕਰ ਰਿਹਾ ਹਾਂ। ਇਹ ਪੰਨਾ ਨੰ: 285, 290, 291,  292, 313 ਅਤੇ 339 ਤੋਂ ਲਏ ਗਏ ਹਨ। ਇਹ ਤੁਸੀਂ ਅੱਗੇ ਪੜ੍ਹ ਸਕਦੇ ਹੋ। ਜੇ ਕਰ ਸਾਰੇ ਪੰਨੇ ਪੜ੍ਹਨੇ ਮੁਸ਼ਕਲ ਲਗਦੇ ਹੋਣ ਤਾਂ ਹਾਈਲਾਈਟ ਕੀਤੇ ਹੋਏ ਹਿੱਸੇ ਜ਼ਰੂਰ ਪੜ੍ਹ ਲੈਣੇ। ਇਸ ਲੇਖ ਬਾਰੇ ਪਾਠਕ/ਲੇਖਕ ਆਪਣੇ ਵਿਚਾਰ ਤੁਹਾਡੇ ਆਪਣੇ ਪੰਨੇ ਤੇ ਦੇ ਸਕਦੇ ਹਨ ਕਿਉਂਕਿ ਇਹ ਲੇਖ ਦੀ ਫਾਈਲ ਪੀ. ਡੀ. ਐੱਫ ਵਿਚ ਹੈ। ਅਤੇ ਜਾਂ ਫਿਰ ਅਗਲੇ ਲੇਖਾਂ ਦਾ ਇੰਤਜ਼ਾਰ ਕਰ ਸਕਦੇ ਹਨ ਜੋ ਕਿ ਕਈਆਂ ਨੂੰ ਹਜ਼ਮ ਨਹੀਂ ਹੋਣਗੇ। ਗੁਰਬਾਣੀ ਬਾਰੇ ਲੇਖ ਕੁੱਝ ਚਿਰ ਠਹਿਰ ਕੇ ਲਿਖਾਂਗਾ ਜਿਸ ਦਾ ਜ਼ਿਕਰ ਜਰਨੈਲ ਸਿੰਘ ਅਸਟ੍ਰੇਲੀਆ ਦੇ ਲੇਖ ਵਿਚ ਕੀਤਾ ਸੀ ਅਤੇ ਉਨ੍ਹਾਂ ਲੇਖਕਾਂ ਨਾਲ ਵਿਚਾਰ ਵੀ ਕੁੱਝ ਠਹਿਰ ਕੇ ਕਰਾਂਗਾ ਜਿਨ੍ਹਾਂ ਦੇ ਲੇਖ ਪਹਿਲਾਂ ਛਪਦੇ ਰਹੇ ਹਨ। ਅੱਗੇ ਗੁਪਤ ਭੇਦਾਂ ਦੀ ਜਾਣਕਾਰੀ ਪੜ੍ਹ ਕੇ ਤੁਸੀਂ ਖੁਦ ਹੀ ਅੰਦਾਜ਼ਾ ਲਾ ਲਿਓ ਕਿ ਇਸ ਸਾਧ ਦੇ ਕਾਂਗਰਸ ਨਾਲ ਕੀ ਸੰਬੰਧ ਸਨ? ਅਤੇ ਉਨ੍ਹਾਂ ਕਪਟੀ ਵਿਦਵਾਨਾਂ ਦੀਆਂ ਯੂ-ਟਿਊਬਾਂ ਵੀ ਸੁਣ ਲਿਓ ਜਿਹੜੇ ਇਸ ਸਾਧ ਦੇ ਹੱਕ ਵਿਚ ਸਫਾਈਆਂ ਦੇ ਰਹੇ ਹਨ ਕਿ ਇਸ ਦੇ ਕਾਂਗਰਸੀ ਸਰਕਾਰ ਨਾਲ ਕੋਈ ਸੰਬੰਧ ਨਹੀਂ ਸਨ। ਹਾਲੇ ਕੁੱਝ ਦਿਨ ਪਹਿਲਾਂ ਹੀ ਇਕ ਕਥਿਤ ਵਿਦਵਾਨ ਦੀ ਵੀਡੀਓ ਦੇਖਣ/ਸੁਣਨ ਨੂੰ ਮਿਲੀ ਹੈ ਜਿਹੜਾ ਫੋਕੀਆਂ ਦਲੀਲਾਂ ਦੇ ਕੇ ਇਨ੍ਹਾਂ ਸੰਬੰਧਾਂ ਨੂੰ ਨਕਾਰਦਾ ਹੈ। ਇਕ ਵੀਡੀਓ ਲਿੰਕ ਵੀ ਪਾ ਰਿਹਾ ਹਾਂ ਜੋ ਕਿ ਗੁਪਤ ਭੇਦਾਂ ਦੀ ਜਾਣਕਾਰੀ ਨਾਲ ਮਿਲਦਾ ਜੁਲਦਾ ਇਕ ਡਾਕੂਮਿੰਟਰੀ ਦੇ ਰੂਪ ਵਿਚ ਯੂ-ਟਿਊਬ ਤੇ ਉਪਲਵੱਧ ਹੈ।

**ਮੱਖਣ ਸਿੰਘ ਪੁਰੇਵਾਲ,**

**ਜੁਲਾਈ 07, 2019.**

(ਥੱਲੇ ਪਹਿਲਾਂ ਇਕ ਵੀਡੀਓ ਲਿੰਕ ਹੈ ਜਿਸ ਨੂੰ ਤਕਰੀਬਨ 15 ਲੱਖ ਲੋਕ ਦੇਖ ਚੁੱਕੇ ਹਨ। ਇਸ ਵਿਚ ਕੁਲਦੀਪ ਨਈਅਰ, ਸਤੀਸ਼ ਜੈਕਬ ਅਤੇ ਤਲਵੀਨ ਸਿੰਘ ਦੇ ਵਿਚਾਰ ਵੀ ਤਕਰੀਬਨ ਉਹੀ ਹਨ ਜਿਹੜੇ ਸਰਕਾਰੀ ਸੂਹੀਏ ਨੇ ਆਪਣੀ ਕਿਤਾਬ ਵਿਚ ਲਿਖੇ ਹਨ। ਇਹ ਵਿਆਕਤੀ ਭਿੰਡਰਾਂਵਾਲੇ ਸਾਧ ਨਾਲ ਖੁਦ ਇੰਟਰਵਿਊ ਕਰਦੇ ਰਹੇ ਹਨ। ਕੁਲਦੀਪ ਨਈਅਰ ਦੀ ਕੁੱਝ ਸਮਾ ਪਹਿਲਾਂ ਮੌਤ ਹੋ ਚੁੱਕੀ ਹੈ ਪਰ ਦੂਜੇ ਦੋ ਹਾਲੇ ਵੀ ਜਿੰਦਾ ਹਨ।)

https://www.youtube.com/watch?feature=player_embedded&v=gJW1VfQtkal#t=124

ਅੱਗੇ ਮਲੋਇ ਧਰ ਦੀ ਕਿਤਾਬ ਵਿਚੋਂ ਕੁੱਝ ਪੰਨੇ

ਗੁਪਤ... ਉਡੀਕ ਨਾ ਕੀਤੀ। ਉਸਨੇ ... ਹੈਂਡਸੈਟ ਚੋਗੇ ਉੱਪਰ ਰਖਦਿਆਂ ਮੇਰੇ ਵਲ ਜੇਤੂ ਅੰ... ਕਾਰਜ-ਕਰਮ ਦੀ ਆਗਿਆ ਦੇ ਦਿੱਤੀ ਹੈ ਤੇ ਤੂੰ ਤਿੰਨ ਦਿਨਾਂ ਵਿਚ ਇਸ ਦਾ ... ਮੈਡਮ ਨੂੰ ਸੌਂਪ ਦੇਹ।

ਉਹ ਹੌਲੀ ਹੌਲੀ ਲੋਹੇ ਦੀ ਅਲਮਾਰੀ ਤਕ ਗਿਆ ਤੇ ਇਕ ਲਘੂ ਟੇਪ ਰਿਕਾਰਡਰ ਕੱਢ ਲਿਆਇਆ।

"ਕੀ ਤੂੰ ਇਹ ਪਹਿਲਾਂ ਵੇਖਿਆ ਹੈ?"

"ਨਹੀਂ।"

"ਇਹ ਆਯਾਤ ਕੀਤਾ ਟੇਪ ਰਿਕਾਰਡਰ ਹੈ। ਇਹ ਲੈ ਜਾਓ ਤੇ ਜ਼ੈਲ ਸਿੰਘ ਦੀ ਸਰਦਾਰ ਫਤਿਹ ਸਿੰਘ (ਨਾਮ ਬਦਲਿਆ ਹੋਇਆ ਹੈ) ਨਾਲ ਗੱਲਬਾਤ ਰਿਕਾਰਡ ਕਰ ਲਿਆਓ।"

"ਉਹ ਗ੍ਰਹਿ ਮੰਤਰੀ ਹੈ। ਮੈਂ ਇਹ ਕਿਵੇਂ ਕਰ ਸਕਦਾ ਹਾਂ?"

"ਇਹ ਮੇਰੀ ਜਾਣਕਾਰੀ ਵਿਚ ਹੈ ਕਿ ਜ਼ੈਲ ਭਿੰਡਰਾਂਵਾਲੇ ਦੇ ਏਲਚੀ ਨੂੰ ਬੰਗਲਾ ਸਾਹਿਬ ਗੁਰਦਵਾਰੇ ਵਿਚ ਮਿਲੇਗਾ। ਹੁਣ ਇਹ ਨਹੀਂ ਭੁੱਲਣਾ ਕਿ ਤੈਨੂੰ ਸਰਕਾਰ ਨੇ ਹੁਕਮ ਦੀ ਤਾਮੀਲ ਕਰਨ ਲਈ ਨੌਕਰੀ ਤੇ ਰੱਖਿਆ ਹੋਇਆ ਹੈ ਨਾ ਕਿ ਬਹਾਨੇ ਘੜਨ ਲਈ।"

"ਇਹ ਮੇਰੀ ਜ਼ਿੰਮੇਵਾਰੀ ਦਾ ਖੇਤਰ ਨਹੀਂ।"

ਉਸਨੇ ਠਾਠ ਨਾਲ ਫਿਰ ਉਚਾਰਨ ਕੀਤਾ, "ਮੈਂ ਤੇਰੇ ਅਫਸਰ ਤੋਂ ਆਗਿਆ ਲੈ ਲਈ ਹੈ। ਕੀ ਮੈਂ ਸਮਝਾਂ ਕਿ ਉਹ ਝੂਠ ਸੀ।"

"ਹੁਣ ਜਾਓ ਜਾਕੇ ਮੁਲਾਕਾਤ ਰੀਕਾਰਡ ਕਰੋ ਤੇ ਸਿੱਧੇ ਮੇਰੇ ਕੋਲ ਆ ਜਾਓ। ਤੈਨੂੰ ਆਪਣੇ ਅਫਸਰ ਕੋਲ ਜਾ ਕੇ ਇਤਲਾਹ ਦੇਣ ਦੀ ਵੀ ਲੋੜ ਨਹੀਂ।"

ਇਹ ਸੁਝਾਅ ਗ੍ਰਹਿਮੰਤਰੀ ਦੀ ਸੰਤ ਤੋਂ ਬਣੇ ਪੰਜਾਬ ਦੇ ਮੂਲਵਾਦੀ ਜੁਝਾਰੂ ਨੇਤਾ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਏਲਚੀ ਨਾਲ ਗੱਲਬਾਤ ਨੂੰ ਰੀਕਾਰਡ ਕਰਨ ਬਾਰੇ ਸੀ। ਪੰਜਾਬ ਦੀ ਊਨੀ ਗੇਂਦ ਜਿਸ ਨੂੰ ਸੰਜੈ ਗਾਂਧੀ ਤੇ ਜ਼ੈਲ ਸਿੰਘ ਨੇ ਤਿਆਰ ਕਰਕੇ ਆਕਾਰ ਦਿੱਤਾ ਸੀ ਹੁਣ ਇੰਦਰਾ ਗਾਂਧੀ ਦੀ ਕੋਠੜੀ 'ਚੋਂ ਬਾਹਰ ਨਿਕਲਣੀ ਸ਼ੁਰੂ ਹੋ ਗਈ ਸੀ। ਮੈਂ ਭਾਰਤ ਦੇ ਇਤਿਹਾਸ ਦੇ ਇਸ ਸ਼ਰਮਨਾਕ ਭਾਗ ਬਾਰੇ ਮਗਰੋਂ ਜਾਕੇ ਵਧੇਰੇ ਵਿਸਥਾਰ ਨਾਲ ਟਿੱਪਣੀ ਕਰਾਂਗਾ।

ਮੈਂ ਇੰਦਰਾ ਦੇ ਨਿਜੀ ਸਹਾਇਕ ਨੂੰ ਕੋਈ ਵਚਨ ਨਾ ਦਿੱਤਾ ਤੇ ਟੇਪ ਰਿਕਾਰਡਰ ਲੈ ਲਿਆ। ਮੇਰੇ ਕੋਲ ਉਹਦੀ ਸਲਾਹ ਅਨੁਸਾਰ ਕੰਮ ਨਾ ਕਰਨ ਦੇ ਠੋਸ ਕਾਰਨ ਸਨ। ਦਮਦਮੀ ਟਕਸਾਲ ਦੇ ਸੰਤ ਦਾ ਏਲਚੀ ਮੇਰਾ ਨਿੱਜੀ ਮਿੱਤਰ ਸੀ ਤੇ ਉਸਨੇ ਮੈਨੂੰ ਉੱਘੇ ਸਿੱਖ ਸਿਆਸਤਦਾਨ ਵਲੋਂ ਹਾਨੀਕਾਰਕ ਸਥਿਤੀ ਨੂੰ ਨਿਯੰਤਰਣ ਹੇਠ ਰੱਖਣ ਦੇ ਦਿਖਾਈ ਦੇ ਰਹੇ ਯਤਨਾਂ ਪ੍ਰਤੀ ਸੁਚੇਤ ਕਰ ਦਿੱਤਾ ਸੀ। ਉਸਨੇ ਜੋਸ਼ੀਲੇ ਸਿੱਖ ਪ੍ਰਚਾਰਕ ਨੂੰ ਸੰਜੈ ਲਈ ਨਾਲ ਗੰਢਿਆ ਸੀ ਜਿਹੜਾ ਮਗਰੋਂ ਸਿੱਖ ਧਰਮ ਦੀ ਅਤਿਸ਼ੁੱਧ ਵਨਗੀ ਟਕਸਾਲ ਦੇ ਇਕ ਛੋਟੇ ਜਿਹੇ ਮੂਲਵਾਦੀ ਅਨੁਆਈ ਤੋਂ (ਸਿੱਖ ਧਰਮ ਦੇ ਕਥਿਤ ਵਹਾਬੀ) ਸਮਰੱਥ ਭੂਤ ਦੇ ਰੂਪ ਵਿਚ ਸਿਆਸਤਾਦਨਾਂ ਲਈ ਇਕ ਮੁਸੀਬਤ ਬਣ ਗਿਆ ਸੀ।

ਇਹ ਆਮ ਆਦਮੀ ਦੀ ਵੀ ਜਾਣਕਾਰੀ ਵਿਚ ਸੀ ਕਿ ਸਿੱਖ ਯੋਧੇ ਦੇ ਰੂਪ ਵਿਚ ਜਰਨੈਲ ਸਿੰਘ ਭਿੰਡਰਾਂਵਾਲੇ ਗਿਆਨੀ ਜ਼ੈਲ ਸਿੰਘ ਤੇ ਸੰਜੈ ਗਾਂਧੀ ਜਿਹੇ ਕਾਂਗਰਸੀ ਨੇਤਾਵਾਂ ਦਾ ਹੀ ਪੈਦਾ ਕੀਤਾ ਹੋਇਆ ਸੀ। ਇਹ ਪੂਰੀ ਤਰ੍ਹਾਂ ਤਾਂ ਸਹੀ ਨਹੀਂ, ਪਰ ਇੰਦਰਾ ਗਾਂਧੀ ਦੇ ਛੋਟੇ ਬੇਟੇ ਦੇ ਪੰਜਾਬ ਦੇ ਸਾਬਕਾ ਮੁਖ ਮੰਤਰੀ ਵਲੋਂ ਉਸ ਨੂੰ ਘੜਨ ਤਰਾਸ਼ਣ ਦੇ ਸਪੱਸ਼ਟ ਨਿਸ਼ਾਨ ਦਮਦਮੀ ਟਕਸਾਲ ਦੇ ਇਕ ਪ੍ਰਚਾਰਕ ਤੋਂ ਆਤੰਕਵਾਦੀ ਸਰੂਪ ਦੇਣ ਵਿਚ ਵੇਖੇ ਜਾ ਸਕਦੇ ਹਨ।

ਸਿੱਖ ਫਿਰਕਾਪ੍ਰਸਤੀ 19ਵੀਂ ਸਦੀ ਦੇ ਆਖੀਰ ਤੇ ਵੀਹਵੀ ਸਦੀ ਦੇ ਸ਼ੁਰੂ ਦੀ ਸੰਪਰਦਾਇਕ ਸਿਆਸਤ ਦੇ ਉਭਾਰ ਤੇ ਵਿਕਾਸ ਦਾ ਉਤਨਾ ਹੀ ਅਨਿੱਖੜ ਅੰਗ ਹੈ ਜਿਤਨਾ ਹੀ ਇਹ ਸ਼੍ਰੋਮਣੀ ਅਕਾਲੀ ਦਲ ਦੀ ਸਿਰਜਣਾ ਤੇ ਮਗਰੋਂ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਦਾ ਅਟੁੱਟ ਅੰਗ ਸੀ। ਬਰਤਾਨੀ ਭਾਰਤ ਉਪਰ ਅਧਿਕਾਰ ਦਾ ਸਾਰਾ ਸਮਾਂ ਵਿਸ਼ੇਸ਼ ਕਰਕੇ ਧਰਮ ਉਪਰ ਆਧਾਰਿਤ ਰਾਸ਼ਟਰਵਾਦ ਦੇ ਸੰਕਲਪ ਦੇ ਮਹੱਤਵਪੂਰਨ ਵਿਕਾਸ ਦਾ ਸਮਾਂ ਸੀ। ਕਈ ਵਾਰ ਸਿੱਖ ਵੱਖਵਾਦ ਦੇ ਸੰਕਲਪ ਨੂੰ ਹਿੰਦੂਧਰਮ ਦੇ ਕੇਂਦਰੀ ਸੰਬੰਧ ਤੋਂ ਪੂਰਨ ਤੋੜ ਵਿਛੋੜੇ ਦਾ ਨਾਮ ਦਿੱਤਾ ਜਾਂਦਾ ਹੈ। ਭਾਵੇਂ ਇਹ ਸਹੀ ਵੀ ਹੋਵੇ ਪਰ ਇਹ ਵੀ ਸਮਝਿਆ ਜਾਣਾ ਚਾਹੀਦਾ ਹੈ ਕਿ ਇਕ ਭੂਗੋਲਿਕ ਤੇ ਸਿਆਸੀ ਵੱਖਵਾਦ ਦੀ ਝਲਕ ਸਿੱਖ ਬੁੱਧੀਜੀਵੀਆਂ ਤੇ ਧਾਰਮਕ ਮਹਾਂਰਥੀਆਂ ਵਿਚ ਇਕ ਵੱਖਰੀ ਝਲਕ ਸੀ ਤੇ ਅਜੇ ਵੀ ਹੈ। ਵੱਖਵਾਦ ਦੇ ਬੀਜ 'ਪਛਾਣ ਸੰਕਟ' ਕੂੜੇ ਦੇ ਢੇਰ ਥੱਲੇ ਦੱਬੇ ਪਏ ਹਨ ਤੇ ਜਦੋਂ ਵੀ ਰਾਜ ਕਮਜ਼ੋਰ ਹੋ ਜਾਂਦਾ ਹੈ ਇਹ ਫੁੱਟ ਪੈਂਦੇ ਹਨ। ਹੁਣ ਪਾਕਿਸਤਾਨ ਭਾਵੇਂ ਪੰਜਾਬ ਸਮੱਸਿਆ ਤੇ ਢਿੱਲਾ ਪੈ ਗਿਆ ਹੋਵੇ ਪ੍ਰੰਤੂ ਇਹ ਵਿਸ਼ਵਾਸ ਕਰ ਲੈਣਾ ਸਿਆਣਪ ਨਹੀਂ ਹੋਵੇਗੀ ਕਿ ਉਹ ਸਦਾ ਲਈ ਆਲਸੀ ਬਣਿਆ ਰਹੇਗਾ।

ਭਿੰਡਰਾਂਵਾਲੇ ਦੀ ਚੜ੍ਹਤ ਕੇਵਲ ਖਾਲਸ ਸਿੱਖਾਂ ਤੇ ਰਾਹੋਂ ਭਟਕੇ ਮੱਤ ਨਿਰੰਕਾਰੀਆਂ ਦੇ ਵਿਚਕਾਰ ਦੋ ਧਾਰਮਕ ਵਿਚਾਰਾਂ ਦੇ ਟਕਰਾਓ ਦੀ ਟੱਕਰ ਕਾਰਨ ਭੜਕੀ ਚਿੰਗਾੜੀ ਕਰਕੇ ਹੀ ਹੋਇਆ ਸੀ। ਇਸ ਵਿਚ ਪੰਜਾਬ ਦੀ ਰਚਨਾ ਵਿਚ ਹੋਈਆਂ ਭੂਗੋਲਿਕ ਰਾਜਸੀ ਤੇ ਆਰਥਕ ਤਬਦੀਲੀਆਂ ਦੀ ਵੀ

ਸਪੱਸ਼ਟ ਭੂਮਿਕਾ ਸੀ। ਇਸ ਨੂੰ ਵਸੋਂ ਦੇ ਹਊਆ ਤੇ ਹਿੰਦੂਆਂ ਦੀ ਕੱਟੜਤਾ ਨੇ ਵੀ ਉਲਝਾਇਆ। ਇਸ ਰਾਜਸੀ ਮਾਹੌਲ ਨੂੰ ਵਿਗਾੜਨ ਵਿਚ ਅਕਾਲੀ ਤੇ ਕਾਂਗਰਸੀ ਸਿਆਸਤਦਾਨਾਂ ਦਾ ਕਾਫੀ ਹੱਥ ਸੀ।

ਸਿੱਖ ਆਤੰਕਵਾਦੀ ਦੀ ਜਨਮ ਮਿਤੀ 14 ਅਪ੍ਰੈਲ 1978 ਨੂੰ ਮਿਥਣਾਂ ਸਿਆਣਪ ਹੋਵੇਗੀ। ਇਕ ਬੇਸਮਝ ਤੇ ਸੋਚ ਰਹਿਤ ਜਨਤਾ ਪਾਰਟੀ ਦੀ ਸਰਕਾਰ ਨੇ ਦਸਵੇਂ ਗੁਰੂ ਵਲੋਂ "ਖਾਲਸਾ ਪੰਥ" ਦੀ ਸਿਰਜਣਾ ਵਾਲੇ ਪਵਿੱਤਰ ਦਿਨ ਨੂੰ ਅੰਮ੍ਰਿਤਸਰ ਵਿਚ ਨਿਰੰਕਾਰੀ ਸਮਾਗਮ ਕਰਨ ਦੀ ਆਗਿਆ ਦੇ ਦਿੱਤੀ। ਹਾਕਮ ਅਕਾਲੀ ਦਲ ਸਰਕਾਰ ਨੇ ਬੜੀ ਸੌਖ ਨਾਲ ਹੀ ਬਦਨਾਮ ਤੇ ਸੂਝ ਰਹਿਤ ਅਨੰਦਪੁਰ ਸਾਹਿਬ ਦੇ ਮੱਤੇ ਵਿਚਲੀ ਮੰਗ ਨੂੰ ਭੁਲਾ ਛੱਡਿਆ ਸੀ।

ਸੰਜੇ ਗਾਂਧੀ 14 ਅਪ੍ਰੈਲ ਦੀਆਂ ਘਟਨਾਵਾਂ ਦਾ ਨਿਰਮਾਤਾ ਨਹੀਂ ਸੀ। ਇਸਨੇ ਜਰਨੈਲ ਸਿੰਘ ਨੂੰ ਜ਼ੈਲ ਸਿੰਘ ਦੇ ਨੇੜੇ ਲੈ ਆਂਦਾ ਸੀ ਤੇ ਸੰਜੈ ਨੂੰ ਇਕ ਜੋਸ਼ੀਲੇ ਤੇ ਹਜੂਮ ਨੂੰ ਭੜਕਾਉਣ ਵਾਲੇ ਮੂਲਵਾਦੀ ਰੇਡੀਆਈ ਲਹਿਰਾਂ ਦੀ ਸੰਭਾਵੀ ਸ਼ਕਤੀ ਰੱਖਣ ਵਾਲੇ ਕੱਟੜ ਵਿਅਕਤੀ ਬਾਰੇ ਪੂਰੀ ਜਾਣਕਾਰੀ ਦੇ ਦਿੱਤੀ ਸੀ। ਉਹ ਉਮੀਦ ਕਰਦੇ ਸਨ ਕਿ ਉਹ ਅਕਾਲੀ ਭਾਂਤ ਦੇ ਮੂਲਵਾਦੀਆਂ ਨੂੰ ਖਤਮ ਕਰ ਕੇ ਇਸ ਸੀਮਾ ਪ੍ਰਦੇਸ਼ ਵਿਚ ਇੰਦਰਾ ਕਾਂਗਰਸ ਨੂੰ ਮੁੜ ਸੱਤਾ ਵਿਚ ਲੈ ਆਉਣਗੇ। ਉਹ ਸਿੱਖ ਮੂਲਵਾਦ ਦੇ ਸੋਮੇ, ਦਮਦਮੀ ਟਕਸਾਲ ਤੇ ਪ੍ਰਚਾਰਕ ਦੇ ਸੰਪਰਕ ਵਿਚ ਸਨ। ਇਹ ਇਸ ਗੱਲ ਤੋਂ ਸਿੱਧ ਹੁੰਦਾ ਹੈ ਕਿ ਭਿੰਡਰਾਂਵਾਲਾ ਤੇ ਉਹਦਾ ਨੌਜਵਾਨ ਬ੍ਰਿਗੇਡ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ, ਦਲ ਖਾਲਸਾ, ਅਖੰਡ ਕੀਰਤਨੀ ਜਥਾ ਅਤੇ ਪੇਂਡੂ ਜ਼ਮੀਨੀ ਹਕੀਕਤ ਨਾਲ ਜੁੜੇ ਪਾਠੀ (ਜੋ ਗ੍ਰੰਥ ਸਾਹਿਬ ਦਾ ਪਾਠ ਕਰਦੇ ਹਨ), ਗ੍ਰੰਥੀ (ਜੋ ਪਵਿੱਤਰ ਗ੍ਰੰਥ ਦੇ ਤਹਿਵੀਲਦਾਰ ਹੁੰਦੇ ਹਨ) ਢਾਡੀ, ਤੇ ਕੀਰਤਨੀ ਜੱਥੇ ਜੋ ਟਕਸਾਲ ਦੇ ਵਫ਼ਾਦਾਰ ਸਨ ਤੇ ਉਸ ਵਿਚ ਸ਼ਰਧਾ ਰੱਖਦੇ ਸਨ, ਸਭ ਨੇ ਪੰਜਾਬ ਦੇ ਤਿੰਨਾਂ ਭਾਗਾਂ ਵਿਚ ਤੇ ਖਾਸ ਕਰਕੇ ਸੰਜੈ ਦੇ ਲੰਗੋਟੀਏ ਪ੍ਰੀਤਮ ਸਿੰਘ ਭਿੰਡਰ ਦੇ ਹਲਕੇ ਵਿਚ ਇੰਦਰਾ ਕਾਂਗਰਸ ਦੇ ਹੱਕ ਵਿਚ ਪ੍ਰਚਾਰ ਕੀਤਾ।

ਮੈਨੂੰ ਮਈ 1981 ਵਿਚ ਜਰਨੈਲ ਸਿੰਘ ਦੇ ਇਕ ਸਹਿਯੋਗੀ ਨਾਲ ਸੰਪਰਕ ਕਰਕੇ ਉਸਨੂੰ ਦਿੱਲੀ ਲਿਆਕੇ ਗ੍ਰਹਿਮੰਤਰੀ ਨਾਲ ਮੁਲਾਕਾਤ ਕਰਨ ਲਈ ਕਿਹਾ ਗਿਆ। ਮੈਨੂੰ ਇਹ ਹੁਕਮ ਹੋਇਆ ਸੀ ਕਿ ਮੈਂ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਇਤਬਾਰੀ ਸਾਥੀਆਂ ਨੂੰ ਆਪਣੇ ਨਾਲ ਲਵਾਂ ਤੇ ਉਨ੍ਹਾਂ ਨੂੰ ਗ੍ਰਹਿ ਮੰਤਰੀ ਦੇ ਘਰ ਲਿਆਵਾਂ। ਮੈਂ ਉਨ੍ਹਾਂ ਨੂੰ ਸਰਦੂਲਗੜ੍ਹ ਤੋਂ ਆਪਣੇ ਨਾਲ ਲਿਆ ਤੇ ਸਿੱਧਾ ਹੀ ਉਨ੍ਹਾਂ ਨੂੰ ਗ੍ਰਹਿ ਮੰਤਰੀ ਦੇ ਨਿਵਾਸ ਸਥਾਨ 'ਤੇ ਲੈ ਗਿਆ। ਉਹ ਭਾਰੀ ਥੈਲੇ ਲੈਕੇ ਵਾਪਸ ਚਲੇ ਗਏ। ਮੈਨੂੰ ਕਿਹਾ ਗਿਆ ਕਿ ਉਨ੍ਹਾਂ ਨੂੰ ਬਠਿੰਡਾ ਕੋਲ ਮਾਨਸਾ ਛੱਡ ਆਵਾਂ। ਮੈਂ ਆਪਣਾ ਕੰਮ ਇਕ ਬੋਲੇ, ਗੂੰਗੇ ਤੇ ਅੰਨ੍ਹੇ ਗੁਪਤਚਰ ਕਾਰਜ-ਕਰਮੀ ਦੇ ਸੁਭਾਉ ਅਨੁਸਾਰ ਪੂਰਾ ਕਰ ਦਿੱਤਾ।

1980 ਦੀਆਂ ਚੋਣਾਂ ਵਿਚ ਇੰਦਰਾ ਕਾਂਗਰਸ ਦੀ ਜਿੱਤ ਨੇ ਜ਼ੈਲ ਸਿੰਘ ਤੇ ਭਿੰਡਰਾਂਵਾਲੇ ਦੇ ਗੱਠਜੋੜ ਨੂੰ ਹੋਰ ਸ਼ਕਤੀ ਦੇ ਦਿੱਤੀ। ਗ੍ਰਹਿ ਮੰਤਰੀ ਨੇ ਜ਼ਿਲਾ ਅਧਿਕਾਰੀਆਂ ਨੂੰ ਜਰਨੈਲ ਸਿੰਘ ਦੇ ਚੇਲਿਆਂ ਨੂੰ ਧੜਾ-ਧੜ ਹਥਿਆਰਾਂ ਦੇ ਲਾਇਸੰਸ ਦੇਣ ਵਿਚ ਤੇਜ਼ੀ ਲਿਆਉਣ ਲਈ ਕਿਹਾ, ਜਿਹੜੇ ਮਗਰੋਂ ਅਪਰਾਧੀ ਕਾਰਵਾਈਆਂ ਲਈ ਵਰਤੇ ਗਏ। ਜ਼ੈਲ ਸਿੰਘ ਦਿੱਲੀ ਵਿਚ ਮੰਤਰੀ ਪਦ ਤੋਂ ਸੰਤੁਸ਼ਟ ਨਹੀਂ ਸੀ। ਉਸਨੇ ਭਿੰਡਰਾਂਵਾਲਾ ਦੇ ਆਤੰਕਵਾਦੀ ਪੈਰੋਕਾਰਾਂ ਨੂੰ ਕਾਂਗਰਸੀ ਮੁੱਖਮੰਤਰੀ ਦਰਬਾਰਾ ਸਿੰਘ ਵਿਰੁੱਧ ਉਕਸਾਇਆ ਜਿਸਨੇ ਅਪਰਾਧੀ ਪ੍ਰਚਾਰਕ ਨੂੰ ਚੋਕ ਮਹਿਤਾ ਗੁਰਦਵਾਰੇ ਚੋਂ 20 ਸਤੰਬਰ ਨੂੰ ਗ੍ਰਿਫਤਾਰ ਕਰਨ ਦਾ ਹੌਂਸਲਾ ਵਿਖਾਇਆ ਸੀ। ਜਰਨੈਲ ਸਿੰਘ ਨੇ ਲੋਕ ਸਭਾ ਵਿਚ 14 ਅਕਤੂਬਰ 1981 ਨੂੰ ਉਸਦੀ ਰਿਹਾਈ ਪਿੱਛੋਂ ਉਸਦਾ ਬੇਕਸੂਰ ਹੋਣਾ ਪ੍ਰਮਾਣਿਤ ਕੀਤਾ ਸੀ।

ਜਰਨੈਲ ਸਿੰਘ ਦੇ ਵਾਰ-ਵਾਰ ਦਿੱਲੀ, ਨੰਦੇੜ ਸਾਹਿਬ (ਮਹਾਰਾਸ਼ਟਰਾ) ਤੇ ਹੋਰ ਥਾਵਾਂ ਦੀਆਂ ਯਾਤਰਾਵਾਂ ਦੀ ਸਰਪ੍ਰਸਤੀ ਜ਼ੈਲ ਸਿੰਘ ਵਲੋਂ ਕੀਤੀ ਗਈ ਸੀ ਭਾਵੇਂ ਕਿ ਗੁਪਤਚਰ ਤੇ ਸੁਰੱਖਿਆ ਸੰਸਥਾਵਾਂ ਨੇ ਆਤੰਕਵਾਦੀ ਕਾਰਵਾਈਆਂ ਅਤੇ ਕਤਲਾਂ ਵਿਚ ਪ੍ਰਚਾਰਕ ਦੀ ਸ਼ਮੂਲੀਅਤ ਦੇ ਕਾਫੀ ਸਬੂਤ ਵੀ ਦਿੱਤੇ। ਉਸਦੀ ਦਿੱਲੀ ਯਾਤਰਾਂ ਨਾਲ ਵੀ ਕਈ ਅਨੋਖੀਆਂ ਘਟਨਾਵਾਂ ਜੁੜੀਆਂ।

ਮੈਨੂੰ ਜਰਨੈਲ ਸਿੰਘ ਦੀਆਂ ਗਤੀਵਿਧੀਆਂ ਤੇ ਗੰਭੀਰਤਾ ਨਾਲ ਸਰਵਪੱਖੀ ਨਿਗਰਾਨੀ ਕਰਨ ਦਾ ਕਾਰਜ ਸੌਂਪਿਆ ਗਿਆ। ਆਮ ਤੌਰ 'ਤੇ ਮਾਨਵੀ ਜਸੂਸ ਤੇ ਤਕਨੀਕੀ ਸਾਧਨਾਂ ਦੀ ਵਰਤੋਂ, ਬਿਨਾ ਕਿਸੇ ਹਲਚਲ ਦੇ ਕੀਤੀ ਗਈ। ਪਰ ਸਭ ਤੋਂ ਔਖਾ ਤੇ ਚਾਲਬਾਜੀ ਦਾ ਕਾਰਜ ਜ਼ੈਲ ਸਿੰਘ ਨੇ ਮੈਨੂੰ ਸੌਂਪਿਆ। ਉਸਨੇ ਮੈਨੂੰ ਜਰਨੈਲ ਸਿੰਘ ਦੇ ਭਾਸ਼ਨ ਤੇ ਵਿਖਿਆਨ ਰੀਕਾਰਡ ਕਰਨ ਤੇ ਨਿੱਜੀ ਤੌਰ 'ਤੇ ਉਹਦੇ ਨਿਵਾਸ ਤੇ ਲਿਜਾਣ ਦੀ ਇੱਛਾ ਕੀਤੀ। ਮੇਰੇ ਸਹਿਕਰਮੀ ਨੇ ਇਹ ਕੰਮ ਬੜੀ ਫੁਰਤੀ ਨਾਲ ਕਰ ਦਿੱਤਾ। ਪ੍ਰੰਤੂ ਸਭ ਤੋਂ ਔਖਾ ਕੰਮ ਤਾਂ ਟੇਪਾਂ ਜ਼ੈਲ ਸਿੰਘ ਦੀ ਰਿਹਾਇਸ਼ ਤੇ ਪਹੁੰਚਾਉਣ ਦਾ ਤੇ ਉਤਨਾ ਚਿਰ ਉਡੀਕ ਕਰਦੇ ਰਹਿਣ ਦਾ ਸੀ ਜਦ ਤਕ ਉਹ ਮੂੰਹ ਜ਼ੋਰ ਕੱਟੜਪੰਥੀ ਤੇ ਸੰਪਰਦਾਇਕ ਪ੍ਰਚਾਰਕ ਦੇ ਲੰਬੇ ਧੱੜਲੇ ਦਾਰ ਭਾਸ਼ਣ ਸੁਣਕੇ ਮੁਕਾ ਨਾ ਲੈਂਦਾ।

ਜ਼ੈਲ ਸਿੰਘ ਸ਼ਾਮ ਵੇਲੇ ਇਕੱਲਾ ਹੀ ਹੁੰਦਾ ਸੀ। ਇਹ ਹੱਟਾ ਕੱਟਾ ਸਿੱਖ ਆਮ ਤੌਰ ਤੇ ਗਰੀਬ ਆਦਮੀ ਦੀ ਵਾਣ ਦੀ ਬੁਣੀ ਹੋਈ ਮੰਜੀ ਤੇ ਸਾਰੇ ਸਰੀਰ ਤੇ ਤੇਲ ਮਲਕੇ ਮਾਲਸ਼ੀਏ ਤੋਂ ਮਾਲਸ਼ ਕਰਾਉਣ ਲਈ ਆਮ ਹੀ ਲੰਮਾ ਪਿਆ ਹੁੰਦਾ ਸੀ ਤੇ ਉਸਦੇ ਕੋਲ ਵਿਸਕੀ ਦੇ ਗਲਾਸ ਪਏ ਹੁੰਦੇ ਸਨ। ਉਹ ਸਮਝ ਆਉਣ ਵਾਲੀ ਅੰਗਰੇਜ਼ੀ ਬੋਲ ਨਹੀਂ ਸਕਦਾ ਸੀ ਤੇ ਮੇਰੀ ਪੰਜਾਬੀ ਇਤਨੀ ਭੈੜੀ ਸੀ ਜਿਵੇਂ ਕਿਸੇ ਯੂਨਾਨੀ ਲਈ ਸਵਾਹਿਲੀ ਭਾਸ਼ਾ ਹੋਵੇ। ਪੰਜਾਬੀ ਭਾਸ਼ਾ ਤੇ ਭਾਸ਼ਾ ਵਿਗਿਆਨ ਦਾ ਵਿਦਿਆਰਥੀ ਹੋਣ ਕਾਰਨ ਮੈਂ 1983 ਵਿਚ ਭਾਰਤੀ ਉਚ ਆਯੁੱਕਤ ਕੈਨੇਡਾ ਵਿਚ ਆਪਣੀ ਨਿਯੁਕਤੀ ਤੋਂ ਤੁਰੰਤ ਪਿੱਛੋਂ ਮੈਂ ਭਾਸ਼ਾ ਦਾ ਹਰ ਪੱਖੋਂ ਅਧਿਐਨ ਸ਼ੁਰੂ ਕਰ ਦਿੱਤਾ। ਪ੍ਰੰਤੂ 1980-82 ਵਿਚ ਤਾਂ ਖੁਸ਼ ਅਦਾ ਪੇਂਡੂ ਗ੍ਰਹਿਮੰਤਰੀ ਪੰਜਾਬੀ ਵਿਚ ਗੱਲਬਾਤ ਕਰਦਾ ਸੀ ਤੇ ਮੈਂ ਹਿੰਦੀ ਵਿਚ ਉੱਤਰ ਦਿੰਦਾ ਸੀ। ਉਹ ਇਕ ਅਨੋਖੇ ਪੁਲੀਸ ਅਫਸਰ ਨੂੰ ਮਿਲਕੇ ਹੈਰਾਨ ਸੀ ਜੋ ਵਿਸਕੀ ਦਾ ਰਸੀਆ ਨਹੀਂ ਸੀ। ਮੈਨੂੰ ਉਸਦੀ ਪੇਂਡੂ ਸਾਦਗੀ ਨੇ ਮੋਹ ਲਿਆ ਸੀ, ਭਾਵੇਂ ਮੈਂ ਪੂਰੀ ਤਰ੍ਹਾਂ ਸੁਚੇਤ ਸੀ ਕਿ ਉਹਦੀ ਖੱਲੜੀ ਹੇਠ ਇਕ ਸਿਆਸੀ ਮਾਹਿਰ ਪੈਂਤੜੇਬਾਜ਼ ਸੀ। ਉਸਦੇ ਚਰਿਤਰ ਦਾ ਹਨੇਰਾ ਪੱਖ ਉਸ ਰਾਤ ਕੈਮਰੇ ਨੇ ਕੈਦ ਕਰ ਲਿਆ ਜਦੋਂ ਉਹ ਗੁਰਦਵਾਰਾ ਬੰਗਲਾ ਸਾਹਿਬ ਗਿਆ ਤੇ ਇਕ ਘੰਟੇ ਤੋਂ ਵਧ ਸਮਾਂ ਜਰਨੈਲ ਸਿੰਘ ਨਾਲ ਕਮਰੇ 'ਚ ਬੈਠਕੇ ਗੱਲਬਾਤ ਕਰਦਾ ਰਿਹਾ। ਕਿਸੇ ਨੂੰ ਦਿੱਲੀ ਵਿਚ ਇਸ ਗੱਲ ਦੀ ਉਮੀਦ ਨਹੀਂ ਸੀ ਕਿ ਭਾਰਤ ਦਾ ਗ੍ਰਹਿ ਮੰਤਰੀ ਸੰਤ ਤੋਂ ਬਣੇ ਹੋਏ ਯੋਧੇ ਅੱਗੇ ਮੱਥਾ ਟੇਕ ਕੇ ਮੁਲਕ ਦੀ ਸੁਰੱਖਿਆ ਨਾਲ ਸਮਝੌਤਾ ਕਰੇਗਾ। ਮੇਰਾ ਵਿਸ਼ਵਾਸ ਹੈ ਕਿ ਇੰਦਰਾ ਗਾਂਧੀ ਨੂੰ ਆਪਣੇ ਗ੍ਰਹਿ ਮੰਤਰੀ ਦੀ ਇਸ ਨਾਦਾਨੀ ਤੇ ਸਮਾਜਿਕ ਰੀਤੀ ਦਾ ਉਲੰਘਣ ਦੇ ਨੰਗੇ ਚਿੱਟੇ ਭੜਕਾਹਟ ਪੈਦਾ ਕਰਦੇ ਪ੍ਰਮਾਣਾਂ ਕਾਰਨ ਖੁਸ਼ੀ ਨਹੀਂ ਹੋਈ ਹੋਵੇਗੀ।

ਉਸਨੂੰ ਜ਼ੈਲ ਸਿੰਘ ਵਲੋਂ ਅਮਿਤੇਸ਼ਵਰ ਦੀ ਰਿਹਾਇਸ਼ ਤੇ ਇਕ ਦੋ ਵਾਰ ਜਾਣ, ਸਣੇ ਉਸ ਦਿਨ ਦੇ ਜਦੋਂ ਉਸ ਦਿਨ ਰਾਸ਼ਟਰਪਤੀ ਭਵਨ ਵਿਚ ਉਸਨੇ ਪਦਵੀਂ ਗ੍ਰਹਿਣ ਕੀਤੀ, ਦੀਆਂ ਰਿਪੋਰਟਾਂ ਨਾਲ ਉਸਨੂੰ ਹੋਰ ਵੀ ਨਿਰਾਸਤਾ ਹੋਈ। ਜ਼ੈਲ ਸਿੰਘ ਦੇ ਸੰਜੇ ਤੇ ਉਸਦੀ ਪਤਨੀ ਦੇ ਪਰਿਵਾਰ ਨਾਲ ਵਿਸ਼ੇਸ਼ ਸੰਬੰਧ ਸਨ। ਮੈਨੂੰ ਉਹ ਦਿਨ ਨਹੀਂ ਭੁੱਲਦਾ ਜਦੋਂ ਚਤੁਰ ਸਿੱਖ ਨੇਤਾ 1980 ਵਿਚ ਅਸ਼ੋਕਾ ਹਾਲ ਵਿਚ ਸਹੁੰ ਚੁੱਕਣ ਦੀ ਰਸਮ ਮਗਰੋਂ ਸੰਜੈ ਦੇ ਪੈਰਾਂ ਨੂੰ ਨਮਸਕਾਰ ਕਰਨ ਲਈ ਝੁਕਿਆ ਸੀ।

ਮੇਰਾ ਵਿਸ਼ਵਾਸ ਹੈ ਕਿ ਇੰਦਰਾ ਗਾਂਧੀ ਨੇ ਆਪਣੇ ਅੰਦਰੂਨੀ ਗੁਪਤਚਰ ਮੁਖੀ ਨੂੰ ਜ਼ੈਲ ਸਿੰਘ ਦੇ ਅਨੰਦ ਪਰਿਵਾਰ ਨਾਲ ਸੰਬੰਧਾਂ ਦੀ ਪੂਰੀ ਤਸਵੀਰ ਤਿਆਰ ਕਰਨ ਲਈ ਆਦੇਸ਼ ਦਿੱਤੇ ਹੋਣਗੇ। ਐਸ. ਆਈ. ਬੀ. ਦੇ ਮੁੱਖੀ ਵਜੋਂ ਮੈਂ ਆਪਣੀ ਜਾਣਕਾਰੀ ਉਸ ਵਿਸ਼ਾਲ ਸਿਲਸਿਲੇ ਵਿਚ ਜੋੜ ਦਿੱਤੀ ਸੀ ਜਿਸ ਦੀ ਸਮੱਗਰੀ ਕੋਈ ਸੁਖਾਂਵੀ ਕਿਸਮ ਦੀ ਨਹੀਂ ਸੀ। ਰਾਸ਼ਟਰਪਤੀ ਦੀ ਉੱਚਤਮ ਪਦਵੀਂ ਦੇ ਬਾਵਜੂਦ ਜ਼ੈਲ ਸਿੰਘ ਸਿੱਖ ਸਿਆਸਤ ਦੀ ਗੜਬੜ ਤੇ ਸੰਜੈ ਗਾਂਧੀ ਦੀ ਪਤਨੀ ਦੇ ਪਰਿਵਾਰ ਦੇ ਮੋਹ ਤੋਂ ਅੱਡ ਨਾ ਹੋ ਸਕਿਆ। ਉਸਦੇ ਮਨ ਵਿਚ ਹਵਾਈ ਕਪਤਾਨ ਤੋਂ ਬਣੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਲਈ ਕਦੇ ਸਨੇਹ ਸਤਿਕਾਰ ਪ੍ਰਫੁੱਲਤ ਨਾ ਹੋ ਸਕਿਆ।

ਮੇਰੇ ਨਾਲ ਨਾਮਵਰ ਸਿਆਸੀ ਹਸਤੀਆਂ ਦੀ ਹੋਈ ਗੱਲਬਾਤ ਤੋਂ ਜੋ ਇੰਦਰਾ ਦੇ ਉਦਾਲੇ ਹੀ ਰਹਿੰਦੇ ਸਨ ਤੇ ਕੁਝ ਸੁਆਲ ਜੋ ਉਸਨੇ ਇਕ ਮੁਲਾਕਾਤ ਵਿਚ ਹਰਿਆਣੇ ਵਿਚ ਹੋਈ ਸੌਦੇਬਾਜ਼ੀ ਤੇ

ਇਸ ਪ੍ਰਬੰਧ ਨਾਲ ਦੁੱਖ ਹੋਇਆ। ਪਰ ਅਸੀਂ ਆਪਣੀ ਦੋਸਤੀ ਨੂੰ ਨੌਕਰੀ ਦੇ ਲੌਕਿਕ ਕਾਰਜਾਂ ਕਾਰਨ ਆਂਚ ਨਾ ਆਉਣ ਦਿੱਤੀ। ਉਹ ਦੂਤਾਵਾਸ ਦੇ ਦਫ਼ਤਰ ਦਾ ਮੁਖੀ ਬਣਿਆ ਰਿਹਾ।

ਨਵੀਂ ਜ਼ਿੰਮੇਵਾਰੀ ਨੇ ਮੈਨੂੰ ਆਪਣੀਆਂ ਹੋਰ ਗਤੀਵਿਧੀਆਂ ਵਿਚ ਵਧੇਰੇ ਸਮਾਂ ਲਾਉਣ ਵਿਚ ਸਹਾਇਤਾ ਕੀਤੀ। ਇਸ ਦ੍ਰਿਸ਼ਟੀਕੋਣ ਤੋਂ ਮੈਂ ਮਹਿਸੂਸ ਕੀਤਾ ਕਿ ਉੱਚ ਆਯੁਕਤ ਨੇ ਜਾਣ ਬੁੱਝ ਕੇ ਇਹ ਨਾਜ਼ਕ ਤਬਦੀਲੀ ਕੀਤੀ। ਇਸ ਕਰਕੇ ਮੈਨੂੰ ਕੈਨੇਡਾ ਦੇ ਪਾਰਲੀਮੈਂਟ ਦੇ ਮੈਂਬਰਾਂ, ਬੁੱਧੀਜੀਵੀ ਵਰਗ ਤੇ ਵਿਚਾਰ-ਨਿਰਧਾਰਕਾਂ ਨੂੰ ਮਿਲਣ ਦੇ ਵਧੇਰੇ ਮੌਕੇ ਮਿਲੇ। ਇਸ ਵਿਚ ਜਾਣਕਾਰੀ ਪ੍ਰਾਪਤ ਕਰਨਾ ਤੇ ਜਾਸੂਸੀ ਕਰਨ ਦਾ ਕਾਰਜ ਸ਼ਾਮਿਲ ਨਹੀਂ ਸੀ। ਇਸ ਸੰਵੇਦਨਸ਼ੀਲ ਕਾਰਜ ਦਾ ਸੰਬੰਧ ਸਿੱਖ ਝਮੇਲੇ ਬਾਰੇ ਭਾਰਤ ਸਰਕਾਰ ਦਾ ਪੱਖ ਦੱਸ ਕੇ ਕੈਨੇਡਾ ਦੇ ਨੇਤਾਵਾਂ ਨੂੰ ਯਕੀਨ ਕਰਾਉਣਾ ਸੀ ਕਿ ਭਾਰਤ ਸਿੱਖ ਅੱਤਵਾਦ ਦਾ ਤੇ ਪਾਕਿਸਤਾਨ ਦੀ ਲੁਕਵੀਂ ਲੜਾਈ ਦਾ ਸ਼ਿਕਾਰ ਹੈ।

ਜੂਨ ਦੇ ਮਹੀਨੇ ਨਾਲ ਹੀ ਦਿੱਲੀ, ਉਦਾਲੇ ਦੇ ਖੇਤਰਾਂ ਭਾਵ ਹਰਿਆਣਾ, ਰਾਜਸਥਾਨ ਤੇ ਪੰਜਾਬ ਵਿਚ ਲੂਹਵੀਂ ਗਰਮੀ, ਹਨੇਰੀਆਂ ਤੇ ਔੜ ਸ਼ੁਰੂ ਹੋ ਜਾਂਦੀ ਹੈ। ਪ੍ਰੰਤੂ ਜੂਨ 1984 ਵਿਚ ਅਚਾਨਕ ਹੀ ਭਾਰਤੀ ਸਿਆਸਤ, ਅੰਦਰੂਨੀ ਸੁਰੱਖਿਆ ਢਾਂਚੇ ਤੇ ਧਾਰਮਕ ਨਿਰਪੇਖ ਸਿਆਸੀ ਅਮਲ ਦੀ ਬੇਮਿਸਾਲ ਅਸਫਲਤਾ ਲੈ ਕੇ ਆਇਆ।

ਸਾਰੇ ਢੰਗ ਅਪਣਾ ਚੁਕਣ ਪਿੱਛੋਂ ਤੇ ਆਪਣੀ ਰਣਨੀਤੀ ਦੀ ਅਲੌਕਾਰ ਸੂਝ ਦੇ ਮੁਲਾਂਕਣ ਤੇ ਹੁਸ਼ਿਆਰੀ ਦੇ ਬਾਵਜੂਦ ਇੰਦਰਾ ਗਾਂਧੀ ਪੰਜਾਬ ਦੀ ਲਹੂ-ਭਿੱਜੀ ਬੰਦ ਗਲੀ 'ਚ ਘਿਰ ਗਈ। ਸਿੱਖ ਸਿਆਸਤ ਨੇ ਕਈ ਵਾਰ ਅਚਾਨਕ ਹੈਰਾਨ ਕਰਨ ਵਾਲੇ ਵਰਤਾਰੇ ਪੇਸ਼ ਕੀਤੇ ਹਨ ਪਰ ਕਦੇ ਵੀ ਭਾਰਤ ਵਿਚ ਕਿਸੇ ਨੇ ਸਿੱਖਾਂ ਦੀ ਲੋਕ-ਪ੍ਰਸਿੱਧ ਦੇਸ਼-ਭਗਤੀ ਤੇ ਸ਼ੱਕ ਨਹੀਂ ਕੀਤਾ ਸੀ। ਉੱਤਰ ਆਪਾਤਕਾਲੀਨ ਸਿਆਸੀ ਚਾਲਬਾਜ਼ੀ ਤੇ ਅਕਾਲੀ ਮੂਲਵਾਦ ਤੇ ਕੱਟੜਤਾ ਦਾ ਟਾਕਰਾ ਕਰਨ ਲਈ ਸੰਜੇ ਗਾਂਧੀ, ਜ਼ੈਲ ਸਿੰਘ ਤੇ ਇੰਦਰਾ ਦੇ ਦਰਬਾਰ ਦੇ ਹੋਰ ਅਭਿਨੇਤਾਵਾਂ ਨੇ ਭਿੰਡਰਾਂਵਾਲਾ ਮਾਰਕਾ ਧਾਰਮਿਕ ਕੱਟੜਤਾ ਨੂੰ ਖੁਲ੍ਹੀ ਛੁੱਟੀ ਦੇ ਕੇ ਇਕ ਬੇਮਿਸਾਲ ਸ਼ਕਤੀ ਘੋਲ ਦਾ ਅਖਾੜਾ ਬਣਾ ਦਿੱਤਾ ਜਦੋਂ ਕਿ ਸਮੱਸਿਆ ਸ਼ੁੱਧ ਰੂਪ ਵਿਚ ਇਕੱਲੇ ਸਿੱਖਾਂ ਦੀ ਨਹੀਂ ਸੀ। ਦਿੱਲੀ ਦੇ ਮੁੱਖ ਅਭਿਨੇਤਾ ਪਾਕਿਸਤਾਨ ਦੇ ਜਨਰਲ ਜ਼ਿਆ ਉਲ ਹੱਕ, ਰਾਸ਼ਟਰਪਤੀ ਰੀਗਨ ਤੇ ਮੱਧਪੂਰਬ ਤੇ ਪੱਛਮ ਦੇ ਸੀਤ ਯੁੱਧ ਵਾਲੇ ਸਹਿਯੋਗੀਆਂ ਵਲੋਂ ਸੋਚ ਵਿਚਾਰ ਕੇ ਪਾਲੇ-ਪੋਸੇ ਤੇ ਪਲੋਸੇ ਹੋਏ ਇਸਲਾਮੀ ਮੂਲਵਾਦੀਆਂ ਦੀਆਂ ਸ਼ਕਤੀਆਂ ਦੇ ਪ੍ਰਭਾਵ ਦਾ ਅਨੁਮਾਨ ਲਾਉਣ ਵਿਚ ਅਸਫਲ ਰਹੇ। 1979 ਵਿਚ ਹੀ ਫ਼ੌਜੀ ਹਾਕਮ ਜੁੰਡਲੀ ਨੇ ਕਾਫੀ ਹੱਦ ਤਕ ਸਪੱਸ਼ਟ ਕਰ ਦਿੱਤਾ ਸੀ ਕਿ ਪਾਕਿਤਸਾਨ ਸਿੱਖ ਅਸੰਤੋਸ਼ ਨੂੰ ਹੋਰ ਹਵਾ ਦੇਵੇਗਾ ਤੇ ਕਸ਼ਮੀਰ ਵਿਚ ਘੁਸਪੈਠ ਨੂੰ ਨਵੀਂ ਦਿਸ਼ਾ ਦੇਵੇਗਾ। ਭੂਗੋਲਿਕ-ਰਾਜਸੀ ਤਬਦੀਲੀਆਂ ਤੇ ਧਮਾਕਿਆਂ ਤੋਂ ਬੇਪਰਵਾਹ ਹੋਕੇ ਇੰਦਰਾ ਨੇ ਆਪਣੀ ਪਿਆਰਿਆਂ ਤੇ ਨਜ਼ਦੀਕੀਆਂ ਨੂੰ ਅੱਗ ਨਾਲ ਖੇਡਣ ਦੀ ਆਗਿਆ ਦਿੱਤੀ। ਉਸਦੀ ਨਵੀਂ ਪ੍ਰਬੰਧਕ ਜੁੰਡਲੀ ਜਿਸ ਦੀ ਅਗਵਾਈ ਰਾਜੀਵ ਗਾਂਧੀ ਕਰ ਰਿਹਾ ਸੀ, ਪੰਜਾਬ ਸਮੱਸਿਆ ਤੇ ਗੜਬੜ ਨਾਲ ਨਜਿੱਠਣ ਲਈ ਕੋਈ ਨਵੀਂ ਨੀਤੀ ਘੜਨ ਵਿਚ, ਸਿੱਖ ਧਰਮ ਦੇ ਚਿੰਨ੍ਹਾਂ ਉਪਰ ਸੰਪੂਰਨ ਜੰਗ ਦਾ ਐਲਾਨ ਕਰਨ ਤੋਂ ਬਿਨਾਂ, ਅਸਫਲ ਰਹੀ। ਦੋ ਜੂਨ ਨੂੰ ਸਿਵਲ ਪ੍ਰਸ਼ਾਸ਼ਣ ਦੀ ਸਹਾਇਤਾ ਲਈ ਫ਼ੌਜ ਬੁਲਾ ਲਈ ਗਈ। ਭਾਰਤ ਸਰਕਾਰ ਨੇ ਦੂਸਰੀ ਵਾਰ ਆਪਣੇ ਲੋਕਾਂ ਨਾਲ ਲੜਨ ਲਈ ਪੇਸ਼ਾਵਰ ਸੈਨਾ ਨੂੰ ਲਾਮਬੰਦ ਕੀਤਾ। ਇਸ ਤਰ੍ਹਾਂ ਦੀ ਪਹਿਲੀ ਲੜਾਈ ਉੱਤਰ ਪੂਰਬ ਵਿਚ ਲੜੀ ਗਈ ਸੀ।

ਮੈਨੂੰ ਅੰਮ੍ਰਿਤਸਰ ਦੇ ਵਾਸੀ ਇਕ ਮਿੱਤਰ ਤੋਂ ਟੈਲੀਫੋਨ ਆਇਆ ਜੋ ਸਵਰਨ ਮੰਦਰ ਦੇ ਨੇੜੇ ਜਲ੍ਹਿਆਂਵਾਲਾ ਬਾਗ਼ ਦੀ ਗਲੀ ਵਿਚ ਉਸ ਇਤਿਹਾਸਕ ਸਥਾਨ ਤੇ ਰਹਿੰਦਾ ਸੀ ਜਿੱਥੇ ਬਰਤਾਨਵੀ ਜਰਨੈਲ ਨੇ ਸੈਂਕੜੇ ਆਜ਼ਾਦੀ ਸੰਗਰਾਮੀਆਂ ਨੂੰ ਯੋਜਨਾਬੱਧ ਢੰਗ ਨਾਲ ਗਾਜਰ ਮੂਲੀ ਵਾਂਗ ਵੱਢ ਟੁੱਕ ਕੇ ਨਸਲਕੁਸ਼ੀ ਕੀਤੀ ਸੀ। ਉਸਨੇ ਲਗਭਗ ਤੋਪਖਾਨਾ ਤੇ ਘੋੜਸਵਾਰ ਦਸਤਿਆਂ ਦੀ ਪਰ੍ਹੇਬੰਦੀ ਤੇ ਤੋਪਾਂ ਦੀ ਸਥਿਤੀ ਬਾਰੇ ਵੀ ਨਿਰੰਤਰ ਵਿਆਖਿਆ ਤੇ ਟਿੱਪਣੀ ਕੀਤੀ। ਉਸ ਨੇ ਪੁੱਛਿਆ, "ਕੀ

ਜਦੋਂ ਦੂਸਰੇ ਵਸੀਲੇ, ਉਪਾਅ ਜਾਂ ਢੰਗ ਤਰੀਕੇ ਵਰਤ ਨਹੀਂ ਲਏ ਗਏ ਸਨ, ਤਾਂ ਉਸ ਸਮੇਂ ਉਨ੍ਹਾਂ ਵਲੋਂ ਆਪਣੇ ਹਮਵਤਨਾਂ ਨੂੰ ਆਤੰਕਵਾਦ ਦੇ ਨਾਂ ਹੇਠ ਮਾਰਨ ਦੀ ਨੀਤੀ ਦਾ ਮੈਂ ਸਮਰਥਨ ਵੀ ਨਹੀਂ ਕੀਤਾ ਸੀ। ਸੈਨਿਕ ਬਲ ਦੀ ਵਰਤੋਂ ਦੀ ਥਾਂ ਮੇਰਾ ਅੰਦਰੂਨੀ ਰਾਸ਼ਟਰੀ ਬਿਮਾਰੀਆਂ ਦਾ ਇਲਾਜ ਸੰਵਿਧਾਨਕ ਸਾਧਨਾਂ ਰਾਹੀਂ ਕਰਨ ਵਿਚ ਪੱਕਾ ਵਿਸ਼ਵਾਸ ਸੀ। ਅਸੀਂ ਸਮਾਜਿਕ ਬੇਚੈਨੀ ਨੂੰ ਸਿਰਫ ਕਾਨੂੰਨ ਤੇ ਅਨੁਸ਼ਾਸਨ ਦੀ ਸਮੱਸਿਆ ਦੱਸਕੇ ਖੁਲ੍ਹੇ ਆਮ ਗਲਤੀ ਕਰਦੇ ਰਹੇ ਹਾਂ।

ਮੈਂ ਮਾਰ ਦੇਣ ਦੀ ਜਾਂ ਕੰਡਾ ਕੱਢ ਦੇਣ ਦੇ ਮਾਰਗ ਨਾਲੋਂ ਸ਼ਾਂਤੀ ਦੇ ਮਾਰਗ ਨੂੰ ਬਿਹਤਰ ਸਮਝਿਆ ਕਿਉਂਕਿ ਮੇਰਾ ਪੱਕਾ ਵਿਸ਼ਵਾਸ ਸੀ ਕਿ ਪੰਜਾਬ ਵਿਚ ਆਤੰਕਵਾਦ ਨੇ ਰਾਤੋ-ਰਾਤ ਜਨਮ ਨਹੀਂ ਲਿਆ ਸੀ। ਇਹ ਤਾਂ ਕਾਂਗਰਸ ਤੇ ਅਕਾਲੀ ਦਲ ਦੀਆਂ ਇਤਿਹਾਸਿਕ ਤੌਰ 'ਤੇ ਦੋ ਵਿਰੋਧੀ ਰਾਜਸੀ ਸ਼ਕਤੀਆਂ ਦੀ ਅਵੈੜ ਤੇ ਮੂਲਵਾਦੀ ਹੋੜ ਵਿਚ ਉਲਝਣ ਦਾ ਸਿੱਟਾ ਸੀ। ਇੰਦਰਾ ਕਾਂਗਰਸ ਦੇ ਜ਼ੈਲ ਸਿੰਘ, ਬੂਟਾ ਸਿੰਘ ਤੇ ਸੰਜੇ ਗਾਂਧੀ ਜਿਹੇ ਮਹਾਂਰਥੀ ਹੀ, ਜਰਨੈਲ ਸਿੰਘ ਨੂੰ ਰੰਗਮੰਚ ਤੇ ਉਭਾਰਨ ਦੇ ਜ਼ਿੰਮੇਵਾਰ ਸਨ। ਉਹ ਉਸ ਵੇਲੇ ਇਤਿਹਾਸਕ ਮੋੜ ਤੇ ਅੰਗਿਆਰਾਂ ਨਾਲ ਖੇਡ ਰਹੇ ਸਨ ਜਦੋਂ ਸੀਤਯੁੱਧ ਦੇ ਪੱਛਮੀ ਸਹਿਯੋਗੀ ਤੇ ਪਾਕਿਸਤਾਨ, ਬੀਮਾਰ ਰੂਸੀ ਰਿੱਛ ਨਾਲ ਆਖਰੀ ਲੜਾਈ ਵਿਚ ਰੁੱਝੇ ਹੋਏ ਸਨ। ਜ਼ੀਆ ਜਿਸ ਨੂੰ ਪੱਛਮੀ ਤਾਕਤਾਂ ਨੇ ਮਨੁੱਖੀ ਹੱਕਾਂ ਦੀ ਉਲੰਘਣਾ ਕਰਕੇ ਭੈੜੇ ਰੂਪ ਵਿਚ ਪੇਸ਼ ਕੀਤਾ ਸੀ, ਉਸ ਉਪਰ ਕਾਹਲੀ-ਕਾਹਲੀ ਸਫੈਦ ਲਿਬਾਸ ਪੁਆਕੇ ਯੂ. ਐਸ. ਐਸ. ਆਰ. ਦੇ ਵਿਰੁੱਧ ਅੱਗੇ ਲਾ ਕੇ ਵਰਤਿਆ। ਕੁਝ ਕੁ ਛੋਟੇ ਸਿਆਸੀ ਕਾਰਕੁਨ ਪੰਜਾਬ ਦੇ ਕਿਸਾਨਾਂ ਤੇ ਬੇਰੁਜ਼ਗਾਰ ਨੌਜਆਨਾਂ ਨੂੰ ਦਰਪੇਸ਼ ਸਮਾਜਿਕ-ਆਰਥਿਕ ਵਿਰੋਧਾਭਾਸ ਦਾ ਡੂੰਘਾਈ ਤੇ ਵਿਸਥਾਰ ਨਾਲ ਵਿਸ਼ਲੇਸ਼ਣ ਕਰਨ ਵਿਚ ਅਸਫਲ ਰਹੇ ਹਨ। ਉਹ ਇਹ ਪ੍ਰਵਾਨ ਕਰਨ ਤੋਂ ਮੁਨਕਰ ਰਹੇ ਕਿ ਜਲੰਧਰ ਦੇ ਰਹਿਣ ਵਾਲੇ ਪੰਜਾਬੀ ਜਨਰਲ ਜ਼ਿਆ-ਉਲ-ਹੱਕ ਨੇ ਭਾਰਤ ਦੀ ਇਸ ਦੋਸ਼ਪੂਰਨ ਰੇਖਾ ਦਾ ਲਾਭ ਲੈਣ ਲਈ ਅਸਲਾਹਖ਼ਾਨਾ ਤਿਆਰ ਰੱਖਿਆ ਹੋਇਆ ਸੀ। ਉਹ ਸੁਤੰਤਰ ਪੰਜਾਬ ਦੀ ਕਲਪਿਤ ਉਦਯੋਗਕ ਰਾਜਧਾਨੀ ਜਲੰਧਰ ਨੂੰ ਪ੍ਰਾਪਤ ਕਰਨ ਲਈ ਉਤਾਵਲਾ ਸੀ। ਕੀ ਉਹ ਐਸਾ ਨਹੀਂ ਕਰ ਸਕਦਾ ਸੀ? ਕੀ ਉਹ ਬਹੁਤ ਵੱਡੀ ਸ਼ਕਤੀ ਯੂ. ਐਸ. ਐਸ. ਆਰ. ਨੂੰ ਨੀਵਾਂ ਦਿਖਾਉਣ ਵਿਚ ਸਫਲ ਨਹੀਂ ਹੋਇਆ ਸੀ?

ਦਿੱਲੀ ਦੇ ਅਪੌੜ ਤੇ ਅਨਾੜੀ ਛੋਕਰੇ ਜਿਨ੍ਹਾਂ ਇੰਦਰਾ ਗਾਂਧੀ ਦੀ ਹਕੂਮਤ ਦੇ ਦੂਸਰੇ ਦੌਰ ਵਿਚ ਜੋ ਪੰਜਾਬ ਦੇ ਅੰਗਿਆਰਾਂ ਨਾਲ ਖੇਡੇ ਅਤੇ ਰਾਜੀਵ ਗਾਂਧੀ ਤੇ ਉਸਦੇ ਦਲ ਦੇ ਚੱਟ ਪੱਠੇ ਪਾਕਿਸਤਾਨ ਦੇ ਮੁਹਾਜਿਰ ਫ਼ੌਜੀ ਰਾਸ਼ਟਰਪਤੀ ਦੀ ਪੰਜਾਬ ਬਾਰੇ ਲਗਨ ਤੇ ਖ਼ਬਤ ਦੀ ਹਾਥ ਪਾਉਣ ਵਿਚ ਅਸਫਲ ਰਹੇ। ਜ਼ੀਆ ਦਾ ਪਰਿਵਾਰ ਜਲੰਧਰ ਜ਼ਿਲ੍ਹੇ ਦੇ ਅਰਾਈਆਂ ਵਿਚੋਂ ਸੀ। ਉਸਦਾ ਭਰੋਸਾ ਮਾਝੇ ਦੇ ਸਾਥੀ ਮਹਾਜਰ ਜਟ ਨਸਲ ਦੇ ਮੁਸਲਮਾਨਾਂ ਵਿਚ ਸੀ। ਜਨਰਲ ਆਰਿਫ ਉਸ ਦੀ ਸੈਨਾ ਦਾ ਉਪ ਸੈਨਾਪਤੀ (ਵਾਈਸ ਚੀਫ ਆਫ਼ ਸਟਾਫ਼) ਸੀ ਤੇ ਜਨਰਲ ਰਹਿਮਾਨ, ਜਲੰਧਰੀ ਸਾਥੀ ਆਈ. ਐਸ. ਆਈ. ਦਾ ਮੁਖੀ ਸੀ। ਜਲੰਧਰ ਦਾ ਇਕ ਹੋਰ ਅਰਾਈ ਲੈਫਟੀਨੈਂਟ ਜਨਰਲ ਫੈਜ਼ ਅਲੀ ਚਿਸ਼ਤੀ ਜ਼ੀਆ ਦੀ "ਫੇਅਰਪਲੇ" ਮੁਹਿੰਮ ਦਾ ਮੁਖੀ ਸੀ ਜਿਸਨੇ ਵਹਿਮੀ ਪਰ ਲੋਕਤੰਤਰੀ ਢੰਗ ਨਾਲ ਚੁਣੀ ਜ਼ੁਲਫਿਕਰ ਅਲੀ ਭੁੱਟੋ ਦੀ ਸਰਕਾਰ ਦਾ ਭੋਗ ਪਾਇਆ। ਸ਼ਾਇਦ ਇਹੋ ਕਾਰਨ ਸੀ ਕਿ ਪਾਕਿਸਤਾਨ ਦਾ ਵਧੇਰੇ ਧਿਆਨ ਪੰਜਾਬ ਦੇ ਮਾਝਾ ਤੇ ਦੁਆਬਾ ਖੇਤਰ ਵਲ ਰਿਹਾ ਭਾਵੇਂ ਹਿੰਸਾ ਦਾ ਉਪਾਸ਼ਕ ਮਾਲਵਾ ਖੇਤਰ ਨਾਲ ਸੰਬੰਧਿਤ ਸੀ।

1982 ਵਿਚ ਮੈਂ ਜ਼ੀਆ ਤੇ ਭਾਰਤ ਅਤੇ ਇੰਗਲੈਂਡ ਤੋਂ ਆਏ ਕੁਝ ਸਿੱਖ ਯਾਤਰੀਆਂ ਦੇ ਵਿਚਕਾਰ ਹੋਈ ਮੁਲਾਕਾਤ ਦੀ ਸੂਚਨਾ ਦਿੱਤੀ ਸੀ। ਪੰਜਾਬ ਸ਼ਾਖਾ ਦੇ ਕੰਮਕਾਜ ਦੇ ਨਿਰੀਖਕ ਸੰਯੁਕਤ ਨਿਰਦੇਸ਼ਕ ਨੇ ਮੇਰੀ ਸੰਵੇਦਨਸ਼ੀਲ ਰਿਪੋਰਟ ਆਪਣੇ ਸਰਦਖਾਨੇ ਵਿਚ ਰੱਖਕੇ ਉਹਦੀ ਧੂਹ ਨਾ ਕੱਢੀ। ਹੁਣ ਵੀ ਮੈਂ ਇਸ ਅਨੋਖੇ ਜਲੰਧਰੀ ਪੱਖ ਵਲ ਆਪਣੇ ਅਫਸਰਾਂ ਦਾ ਧਿਆਨ ਦੁਆਇਆ ਜਿਹੜਾ ਪੰਜਾਬ ਦੀ ਵਿਗੜ ਰਹੀ ਸਥਿਤੀ ਤੇ ਪੂਰੀ ਤਰ੍ਹਾਂ ਹਾਵੀ ਸੀ। ਮੇਰਾ ਇਹ ਹੱਕ ਸੀ ਕਿ ਮੈਂ ਆਪਣੇ